# ਗੁਰੂ ਤੇਗ ਬਹਾਦਰ ਸਾਹਿਬ ਦੀ ਕੀਰਤਨ ਸ਼ੈਲੀ

-ਹਰਭਜਨ ਸਿੰਘ
harbhajan.singh@nadmusic.org
ਮਨਜੀਤ ਸਿੰਘ
manjit.singh@nadmusic.org
-ਨਾਦ ਮਿਊਜ਼ਿਕ ਇੰਸਟੀਚਿਊਟ
(www.nadmusic.org)

## ਭੂਮਿਕਾ

ਗੁਰੂ ਤੇਗ ਬਹਾਦਰ ਸਾਹਿਬ ਦਾ 400 ਸਾਲਾ ਪ੍ਰਕਾਸ਼ ਪੂਰਬ ਸਮੂਹ ਸਿੱਖ-ਪੰਥ 2021 ਵਿੱਚ ਸੰਸਾਰ ਪੱਧਰ ਤੇ ਮਨਾਉਣ ਜਾ ਰਿਹਾ ਹੈ। ਹੁਣ ਤੱਕ ਹੋਏ ਸਿਖ-ਅਧਿਐਨ ਵਿਚ ਗੁਰੂ ਤੇਗ ਬਹਾਦਰ ਜੀ ਦੇ ਸੰਗੀਤਕ ਯੋਗਦਾਨ ਦੇ ਸੰਬੰਧੀ ਘੱਟ ਜਾਣਕਾਰੀ ਮਿਲਦੀ ਹੈ। ਗੁਰੂ ਸਾਹਿਬ ਨੇ ਕੁਲ 17 ਰਾਗਾਂ ਵਿਚ ਧੁਰ ਕੀ ਬਾਣੀ ਦਾ ਗਾਇਨ ਕਰਦਿਆਂ ਲੋਕਾਈ ਨੂੰ ਉਪਦੇਸ਼ ਦਿੱਤਾ। ਪੂਰਬ ਦੇਸ ਦੇ ਪ੍ਰਚਲਤ ਰਾਗ ਜੈਜਾਵੰਤੀ ਵਿਚ ਵੀ ਗੁਰੂ ਸਾਹਿਬ ਨੇ ਬਾਣੀ ਦਾ ਗਾਇਨ ਕੀਤਾ। ਗੁਰੂ ਤੇਗ ਬਹਾਦਰ ਸਾਹਿਬ ਦੀ ਸੰਗੀਤਕ ਸਿਖਲਾਈ ਗੁਰੂ ਹਰਗੋਬਿੰਦ ਸਾਹਿਬ ਦੇ ਹਜ਼ੂਰੀ ਕੀਰਤਨੀਏ ਰਬਾਬੀ ਭਾਈ ਬਾਬਕ ਦੁਆਰਾ ਹੋਈ। ਗੁਰੂ ਤੇਗ ਬਹਾਦਰ ਸਾਹਿਬ ਦੇ ਸਾਥੀ ਤੇ ਹਜ਼ੂਰੀ ਕੀਰਤਨੀਏ ਭਾਈ ਸਦਾਨੰਦ ਗੁਰੂ ਜੀ ਨਾਲ ਰਬਾਬ ਵਜਾਉਂਦੇ ਸਨ। ਮ੍ਰਿਦੰਗ/ਪਖਾਵਜ ਉਹਨਾਂ ਦਾ ਪਿਆਰਾ ਸਾਜ਼ ਸੀ। ਹਥਲੇ ਖੋਜ ਪੱਤਰ "ਗੁਰੂ ਤੇਗ ਬਹਾਦਰ ਸਾਹਿਬ ਦੀ ਕੀਰਤਨ ਸ਼ੈਲੀ" ਵਿਚ ਗੁਰੂ ਸਾਹਿਬ ਦੇ ਸੰਗੀਤਕ ਪੱਖ ਨੂੰ ਘੋਖਦਿਆਂ ਹੋਇਆਂ ਉਹਨਾਂ ਦੀ ਸੰਗੀਤਕ ਸਿੱਖਿਆ, ਗਾਇਨ ਸ਼ੈਲੀ ਅਤੇ ਮ੍ਰਿਦੰਗ/ਪਖਾਵਜ ਅਚਾਰੀਆ ਹੋਣ ਬਾਰੇ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

## ਸੰਖੇਪ ਜੀਵਨੀ

ਗੁਰੂ ਤੇਗ ਬਹਾਦਰ ਸਾਹਿਬ (1621-1675) ਦਾ ਪ੍ਰਕਾਸ਼ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਘਰ ਮਾਤਾ ਨਾਨਕੀ ਜੀ ਦੀ ਕੁਖੋਂ ਅੰਮ੍ਰਿਤਸਰ ਵਿਖੇ ਹੋਇਆ। ਬਚਪਨ ਤੋਂ ਹੀ ਆਪ ਸੰਤ ਸੁਭਾਅ, ਵਿਚਾਰਵਾਨ, ਦਲੇਰ, ਨਿਰਭੈ ਅਤੇ ਤਿਆਗੀ ਸੁਭਾਅ ਦੇ ਮਾਲਿਕ ਸਨ। ਆਪ ਜੀ ਦੀ ਸੰਸਾਰੀ ਵਿਦਿਆ, ਘੋੜ ਸਵਾਰੀ ਅਤੇ ਸ਼ਸਤਰ ਵਿਦਿਆ ਪਿਤਾ ਗੁਰੂ ਹਰਗੋਬਿੰਦ ਸਾਹਿਬ ਦੀ ਰੇਖ ਦੇਖ ਵਿਚ ਹੋਈ। ਕਰਤਾਰਪੁਰ ਦੀ ਚੌਥੀ ਜੰਗ ਵਿਚ ਆਪ ਜੀ ਨੇ ਤੇਗ ਦੇ ਜ਼ੌਹਰ ਵਿਖਾਏ। ਆਪ ਜੀ ਦੀ ਬਹਾਦਰੀ ਨੂੰ ਦੇਖਦੇ ਹੋਏ ਗੁਰੂ ਹਰਗੋਬਿੰਦ ਸਾਹਿਬ ਨੇ ਆਪ ਜੀ ਦਾ ਨਾਮ ਤਿਆਗ ਮੱਲ ਤੋਂ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ। ਆਪ ਜੀ ਦਾ ਵਿਆਹ ਕਰਤਾਰਪੁਰ (ਜਲੰਧਰ) ਦੇ ਸ਼੍ਰੀ ਲਾਲ ਚੰਦ ਦੀ ਸਪੁਤਰੀ ਬੀਬੀ ਗੁਜਰੀ ਨਾਲ ਹੋਇਆ।[1,2] 1664 ਈਸਵੀ ਨੂੰ ਅਠਵੇਂ ਗੁਰੂ ਹਰਿ ਕ੍ਰਿਸ਼ਨ ਜੀ ਦਿੱਲੀ ਵਿੱਖੇ ਜੋਤੀ ਜੋਤ ਸਮਾਂਉਦੇਂ ਸਮੇਂ ਸਿੱਖ ਸੰਗਤਾਂ ਨੂੰ ਗੁਰਿਆਈ ਦੇ ਵਾਰਿਸ ਦੀ ਹਦਾਇਤ ਕਰ ਗਏ ਕਿ 'ਬਾਬਾ ਬਸੇ ਗਰਾਮ ਬਕਾਲੇ'। ਗੁਰੂ ਜੀ ਦੇ ਸ਼ਰਧਾਲੂ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਨੇ ਗੁਰੂ ਤੇਗ ਬਹਾਦਰ ਸਬੰਧੀ 'ਗੁਰੂ ਲਾਧੋ ਰੇ' ਦਾ ਹੋਕਾ ਦਿੱਤਾ। ਸੰਗਤਾਂ ਨੇ ਦੀਵਾਨ ਸਜਾਇਆ ਅਤੇ ਗੁਰੂ ਜੀ ਨੂੰ ਬਾਬਾ ਬੁਢਾ ਜੀ ਦੇ ਪੋਤਰੇ ਭਾਈ ਗੁਰਦਿੱਤਾ ਜੀ ਨੇ ਗੁਰਿਆਈ ਦੀ ਰਸਮ ਪੂਰੀ ਕੀਤੀ। 1665 ਈ. ਵਿਚ ਗੁਰੂ ਜੀ ਨੇ ਕਹਿਲੂਰ ਦੇ ਰਾਜੇ ਕੋਲੋਂ ਪਿੰਡ ਮਾਖੋਵਾਲ ਦੀ ਜਮੀਨ ਮੁੱਲ ਲੈ ਕੇ ਅਨੰਦਪੁਰ ਸਾਹਿਬ ਨਗਰੀ ਵਸਾਈ। ਇੱਥੋਂ ਹੀ ਗੁਰੂ ਜੀ ਪਰਿਵਾਰ ਸਮੇਤ ਗੁਰਮਤਿ ਦੇ ਪ੍ਰਚਾਰ ਲਈ ਪੂਰਬ ਵੱਲ ਰਵਾਨਾ ਹੋਏ। ਹਿੰਦੋਸਤਾਨ ਦਾ ਹਾਕਮ, ਔਰੰਗਜ਼ੇਬ, ਕਸ਼ਮੀਰ ਦੇ ਪੰਡਤਾਂ ਨੂੰ ਜਬਰੀ ਮੁਸਲਮਾਨ ਬਣਾ ਰਿਹਾ ਸੀ। ਕੁਝ ਮੁਖੀ ਕਸ਼ਮੀਰੀ ਪੰਡਤਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ ਵਿਚ ਫਰਿਆਦ ਕੀਤੀ ਕਿ ਸਾਡਾ 'ਤਿਲਕ-ਜੰਞੂ' ਭਾਵ ਧਰਮ ਖਤਰੇ ਵਿਚ ਹੈ। ਕਸ਼ਮੀਰ ਵਿਚ ਅਫ਼ਗਾਨ ਸ਼ੇਰ ਖ਼ਾਨ ਸਾਨੂੰ ਜ਼ਬਰੀ ਮੁਸਲਮਾਨ ਬਣਾ ਰਿਹਾ ਹੈ। ਗੁਰੂ ਜੀ ਨੇ ਸ਼ਰਨ ਆਇਆਂ ਦੀ ਬਾਂਹ ਪਕੜੀ। ਔਰਗਜ਼ੇਬ ਵਲੋਂ ਗੁਰੂ ਜੀ ਨੂੰ ਫਤਵਾ ਲਾਇਆ ਗਿਆ ਕਿ ਇਸਲਾਮ ਕਬੂਲ ਕਰਾਇਆ ਜਾਏ, ਨਾ ਕਰਨ ਤੇ ਸੀਸ ਕਤਲ ਕੀਤਾ ਜਾਏ। ਗੁਰੂ ਜੀ ਤੋਂ ਪਹਿਲਾਂ ਗੁਰੂ ਜੀ ਦੇ ਤਿੰਨ ਸਿੱਖਾਂ ਨੂੰ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਗੁਰੂ ਜੀ ਧਰਮ ਤੇ ਅਡੋਲ ਰਹੇ। ਗੁਰੂ ਜੀ ਨੇ ਇਸਲਾਮ ਨਾ ਕਬੂਲ ਕਰਕੇ "ਧਰਮ" ਦੀ ਰੱਖਿਆ ਲਈ 11 ਨਵੰਬਰ 1675 ਈਸਵੀ ਨੂੰ ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹੀਦੀ ਦੇ ਦਿੱਤੀ, ਜਿਸ ਕਰਕੇ ਗੁਰੂ ਜੀ ਨੂੰ 'ਤੇਗ ਬਹਾਦਰ ਸ੍ਰਿਸ਼ਟ ਦੀ ਚਾਦਰ' ਕਰਕੇ ਜਾਣਿਆ ਜਾਂਦਾ ਹੈ।

## ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ

ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਗੁਰਬਾਣੀ ਭਾਵ ਧੁਰ ਕੀ ਬਾਣੀ ਨੂੰ ਗੁਰੂ ਸਾਹਿਬਾਨ ਦੁਆਰਾ ਪੋਥੀਆਂ

ਅਤੇ ਪਰਚੀਆਂ ਉੱਤੇ ਲਿਖ ਕੇ ਸੰਭਾਲਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ਸਾਰੀ ਲਿਖਤ ਰੂਪ ਬਾਣੀ ਗੁਰੂ ਅੰਗਦ ਸਾਹਿਬ ਨੂੰ ਸੌਂਪੀ। ਗੁਰੂ ਅਮਰ ਦਾਸ, ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਸਾਹਿਬ ਨੇ ਵੀ ਬਾਣੀ ਨੂੰ ਲਿਖ ਕੇ ਪੋਥੀ ਦੇ ਰੂਪ ਵਿਚ ਸੰਭਾਲਿਆ। ਸੰਤਾ ਸਿੰਘ ਤਤਲੇ ਲਿਖਦੇ ਹਨ ਕਿ "ਸਤਿਗੁਰੁ ਬਾਬਾ ਨਾਨਕ ਸਾਹਿਬ ਦੇ ਸਮੇਂ ਤੋਂ ਧੁਰ ਕੀ ਬਾਣੀ, ਪਰਚੀਆਂ ਜਾਂ ਸੈਂਚੀਆਂ ਦੇ ਰੂਪ ਵਿਚ ਮੌਜੂਦ ਸੀ, ਧੁਰ ਕੀ ਬਾਣੀ ਦੀਆਂ ਪਰਚੀਆਂ ਜਾਂ ਛੋਟੀਆਂ ਕਿਤਾਬਾਂ ਜਗਤ ਗੁਰੂ ਬਾਬਾ ਜੀ ਦੇ ਸਮੇਂ ਤੋਂ ਹੀ ਸਤਿਗੁਰਾਂ ਪਾਸ ਮੌਜੂਦ ਸੀ।"[3] ਗੁਰੂ ਅਰਜਨ ਸਾਹਿਬ ਨੇ ਪੰਜ ਗੁਰੂ ਸਾਹਿਬਾਂ, 15 ਭਗਤਾਂ, 11 ਭੱਟਾਂ ਅਤੇ 4 ਗੁਰਸਿੱਖਾਂ ਦੀ ਬਾਣੀ ਨੂੰ ਇੱਕਤਰ ਕਰਕੇ ਬੀੜ ਬੰਨ੍ਹੀ, ਜਿਸ ਨੂੰ ਆਦਿ ਗ੍ਰੰਥ ਦੀ ਉਪਾਧੀ ਦਿੱਤੀ ਗਈ। ਇਸ ਬੀੜ ਦਾ 1604 ਈ: ਵਿਚ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਪਹਿਲਾ ਪ੍ਰਕਾਸ਼ ਕੀਤਾ ਗਿਆ। ਗੁਰੂ ਤੇਗ ਬਹਾਦਰ ਸਾਹਿਬ ਵਲੋਂ ਰਚੀ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਆਦਿ ਗ੍ਰੰਥ ਵਿਚ ਸ਼ਾਮਿਲ ਕੀਤਾ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਮਦਮਾ ਸਾਹਿਬ ਵਿਖੇ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਨ ਦਾ ਕਾਰਜ ਸੰਪੂਰਨ ਕਰਵਾਇਆ ਤਾਂ ਗੁਰੂ ਤੇਗ ਬਹਾਦਰ ਸਾਹਿਬ ਦੇ 116 ਸ਼ਬਦ ਅਤੇ 57 ਸਲੋਕ, 17 ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਚ ਬ੍ਰਿਜ ਭਾਸ਼ਾ ਦਾ ਮਹਤਵਪੂਰਨ ਸਥਾਨ ਹੈ ਅਤੇ ਇਹ ਅਨੰਤ ਗੁਣਾਂ ਨਾਲ ਭਰਪੂਰ ਹੈ, ਜਿਸ ਵਿਚ ਅਨੰਦ, ਮਨੁਖਤਾ, ਭਾਈਚਾਰਾ, ਤਿਆਗ, ਜਗਤ ਦੀ ਝੂਠੀ ਪ੍ਰੀਤ, ਨਾਸ਼ਵਾਨ ਸੰਸਾਰ, ਆਤਮਿਕ ਗਿਆਨ, ਤਾਕੀਦ ਅਤੇ ਵੈਰਾਗ ਜਿਹੇ ਮਹਤਵਪੂਰਨ ਪ੍ਰਵਰਗਾਂ ਨੂੰ ਸਥਾਪਤ ਕੀਤਾ ਗਿਆ ਹੈ। ਕੁਝ ਉਦਾਹਰਣ ਦੇਖੋ:

**ਮਾਈ ਮੈ ਧਨੁ ਪਾਇਓ ਹਰਿ ਨਾਮੁ ॥**
**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥1॥ ਰਹਾਉ ॥**
**(ਗੁਰੂ ਗ੍ਰੰਥ ਸਾਹਿਬ, 1186)**

**ਸਾਧੋ ਮਨ ਕਾ ਮਾਨੁ ਤਿਆਗਉ ॥**
**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥1॥ ਰਹਾਉ ॥**
**(ਗੁਰੂ ਗ੍ਰੰਥ ਸਾਹਿਬ, 219)**

**ਜਗਤ ਮੈ ਝੂਠੀ ਦੇਖੀ ਪ੍ਰੀਤਿ ॥**
**ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥1॥ ਰਹਾਉ ॥**
**(ਗੁਰੂ ਗ੍ਰੰਥ ਸਾਹਿਬ, 536)**

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥**
**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥25॥**
**(ਗੁਰੂ ਗ੍ਰੰਥ ਸਾਹਿਬ, 1427)**

**ਸਾਧੋ ਇਹੁ ਜਗੁ ਭਰਮ ਭੁਲਾਨਾ ॥**
**ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥1॥ ਰਹਾਉ ॥**
**(ਗੁਰੂ ਗ੍ਰੰਥ ਸਾਹਿਬ, 684)**

**ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥**
**ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥**
**ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥1॥ ਰਹਾਉ ॥**
**(ਗੁਰੂ ਗ੍ਰੰਥ ਸਾਹਿਬ, 1352)**

ਆਮ ਤੌਰ ਤੇ ਗੁਰੂ ਸਾਹਿਬ ਦੀ ਬਾਣੀ ਨੂੰ ਕੇਵਲ ਵੈਰਾਗਮਈ ਬਾਣੀ ਕਰਕੇ ਪ੍ਰਚਾਰਿਆ ਜਾਂਦਾ ਹੈ ਲੇਕਿਨ ਗੁਰੂ ਜੀ ਦੀ ਬਾਣੀ ਬਹੁਪੱਖੀ ਵਿਚਾਰਧਾਰਾ ਦੇ ਖੁਲਾਸੇ ਕਰਦੀ ਹੋਈ ਮਨੁੱਖੀ ਮਨ ਨੂੰ ਅਧਿਆਤਮਕ ਅਨੁਭਵ ਅਤੇ ਅਨੁਸਰਣ ਸੰਬੰਧੀ ਜਾਗਰੂਕ/ਚੇਤੰਨ ਕਰਦੀ ਹੈ। ਗੁਰੂ ਤੇਗ ਬਹਾਦਰ ਸਾਹਿਬ ਵਲੋਂ ਗਾਇਨ ਬਾਣੀ ਜੋ ਗੁਰੂ ਗ੍ਰੰਥ ਸਾਹਿਬ

ਵਿਚ ਦਰਜ ਹੈ ਵਿਚ ਕੁਲ 17 ਰਾਗਾਂ ਦਾ ਪ੍ਰਯੋਗ ਹੋਇਆ ਹੈ। ਕੁਝ ਵਿਦਵਾਨਾਂ ਦੀ ਗੁਰੂ ਤੇਗ ਬਹਾਦਰ ਸਾਹਿਬ ਵਲੋਂ ਪ੍ਰਯੋਗ ਹੋਏ ਰਾਗਾਂ ਦੀ ਗਿਣਤੀ ਗੁਰੂ ਗ੍ਰੰਥ ਸਾਹਿਬ ਵਿਚਲੇ ਕੁਲ ਰਾਗਾਂ ਦੀ ਗਿਣਤੀ ਨਾਲ ਮੇਲ ਨਹੀ ਖਾਂਦੀ। ਪ੍ਰੋਫੈਸਰ ਤਾਰਾ ਸਿੰਘ ਲਿਖਦੇ ਹਨ ਕਿ "ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ 16 ਰਾਗਾਂ ਵਿਚ ਦਰਜ ਹੈ।"[4] ਪਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਾ ਅਧਿਐਨ ਕਰਦਿਆਂ ਪਤਾ ਲਗਦਾ ਹੈ ਕਿ ਗੁਰੂ ਜੀ ਵਲੋਂ ਕੁੱਲ 59 ਸਬਦਾਂ ਨੂੰ 17 ਰਾਗਾਂ ਵਿਚ ਗਾਇਨ ਕੀਤਾ ਗਿਆ ਹੈ। ਗੁਰੂ ਜੀ ਵਲੋਂ ਰਾਗ ਰਹਿਤ 57 'ਸਲੋਕ' ਵਾਰਾਂ ਤੇ ਵਧੀਕ ਦੇ ਸਿਰਲੇਖ ਅਧੀਨ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ। ਗੁਰੂ ਤੇਗ ਬਹਾਦਰ ਸਾਹਿਬ ਵਲੋਂ ਪ੍ਰਯੋਗ ਰਾਗਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਰਾਗੁ ਗਉੜੀ
2. ਰਾਗੁ ਆਸਾ
3. ਰਾਗੁ ਦੇਵਗੰਧਾਰੀ
4. ਰਾਗੁ ਬਿਹਾਗੜਾ
5. ਰਾਗੁ ਸੋਰਠਿ
6. ਰਾਗੁ ਧਨਾਸਰੀ
7. ਰਾਗੁ ਜੈਤਸਰੀ
8. ਰਾਗੁ ਟੋਡੀ
9. ਰਾਗੁ ਤਿਲੰਗ ਕਾਫੀ
10. ਰਾਗੁ ਤਿਲੰਗ
11. ਰਾਗੁ ਬਿਲਾਵਲ
12. ਰਾਗੁ ਰਾਮਕਲੀ
13. ਰਾਗੁ ਮਾਰੂ
14. ਬਸੰਤ ਹਿਡੋਲ
15. ਰਾਗੁ ਬਸੰਤ
16. ਰਾਗੁ ਸਾਰਗ
17. ਰਾਗੁ ਜੈਜਾਵੰਤੀ

ਰਾਗ ਜੈਜਾਵੰਤੀ ਕੇਵਲ ਗੁਰੂ ਤੇਗ ਬਹਾਦਰ ਸਾਹਿਬ ਨੇ ਹੀ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤਾ ਹੈ। ਇਹ ਰਾਗ ਮੱਧਕਾਲ ਦੀ ਭਗਤੀ ਕੀਰਤਨ ਦੀ ਪਰੰਪਰਾ ਵਿਚ ਵੀ ਪ੍ਰਯੋਗ ਕੀਤਾ ਜਾਂਦਾ ਸੀ। ਪੁਸ਼ਟ ਮਾਰਗੀਯ ਮੰਦਰਾਂ ਵਿਚ ਹਵੇਲੀ ਸੰਗੀਤ ਪਰੰਪਰਾ ਵਿਚ ਜੈਜਾਵੰਤੀ ਰਾਗ ਦਾ ਜ਼ਿਕਰ ਆਇਆ ਹੈ। ਇਹ ਪਰੰਪਰਾ ਗੁਰੂ ਕਾਲ ਵੇਲੇ ਵੀ ਪ੍ਰਚੱਲਤ ਸੀ, ਜੋ ਧਰੁਵਪਦ ਅੰਗ ਅਤੇ ਪਖਾਵਜ ਦੇ ਸਾਥ ਨਾਲ ਗਾਇਨ ਕੀਤੀ ਜਾਂਦੀ ਸੀ। ਡਾ. ਲਾਵਯਕੀਰਤ ਸਿੰਘ[5] ਅਨੁਸਾਰ ਹਵੇਲੀ ਸੰਗੀਤ ਵਿਚ ਕੀਰਤਨ ਅਤੇ ਉਤਸਵਾਂ ਵਿਚ ਵੱਖ ਵੱਖ ਭਾਵਾਂ ਦੇ ਪਦਿਆ ਵਿਚ ਪ੍ਰਯੋਗ ਹੋਣ ਵਾਲੇ ਰਾਗਾਂ ਦੇ ਨਾਮ ਹੇਠ ਲਿਖੇ ਹਨ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਵੀ ਦਰਜ ਹਨ। ਜਿਵੇਂ ਕਿ:
1. ਰਾਗ ਦੇਵ ਗੰਧਾਰ 2. ਭੈਰਵ 3. ਰਾਮਕਲੀ 4. ਬਿਲਾਵਲ 5. ਆਸਾਵਰੀ 6. ਜੈਤਸਰੀ 7. ਧਨਾਸਰੀ 8. ਸਾਰੰਗ 9. ਕਾਫੀ 10. ਮਲ੍ਹਾਰ 11. ਸੋਰਠਿ 12. ਨੱਟ 13. ਦੇਸ 14. ਮਾਰੂ 15. ਗੌਰੀ 16. ਜੈਜੈਵੰਤੀ 17. ਰਾਇਸੋ 18. ਮਾਲਵ 19. ਕਾਨੜਾ 20. ਕਲਿਆਣ 21. ਨਾਇਕੀ 22. ਬਿਹਾਗ 23. ਤੋੜੀ 24. ਪਰਜ 25. ਇਮਨ 26. ਸੂਹਾ 27. ਪੂਰਵੀ 28. ਕੇਦਾਰਾ 29. ਗੌਡੀ 30. ਵਿਭਾਸ 31. ਮਾਲਕੌਸ 32. ਸ਼ਾਮਕਲਿਆਣ 33. ਅੜਾਨਾਂ 34. ਜੰਗਲੋ 35. ਬਿਹਾਗੜਾ 36. ਖਮਾਜ 37. ਹਮੀਰ 38. ਖਟ 39. ਸ੍ਰੀ 40. ਲਲਿਤ 41. ਸਮੇਰੀ ਬਿਲਾਵਲ 42. ਪੰਚਮ

### ਗੁਰੂ ਤੇਗ ਬਹਾਦਰ ਸਾਹਿਬ ਦੀ ਸੰਗੀਤਕ ਸਿੱਖਿਆ

ਗੁਰੂ ਤੇਗ ਬਹਾਦਰ ਸਾਹਿਬ ਦੀ ਅਧਿਆਤਮਿਕ, ਸੰਸਾਰੀ, ਸੰਗੀਤਕ ਅਤੇ ਸ਼ਾਸਤਰ ਵਿੱਦਿਆ ਕਦੋਂ, ਕਿਵੇਂ ਅਤੇ ਕਿਸ ਦੁਆਰਾ ਹੋਈ, ਇਹ ਵਿਚਾਰਨ ਯੋਗ ਹੈ। ਆਪ ਜੀ ਦੀ ਸਿਖਲਾਈ ਪੜ੍ਹਾਈ ਤੇ ਸ਼ਾਸਤਰ ਵਿਦਿਆ

ਗੁਰੂ ਹਰਗੋਬਿੰਦ ਸਾਹਿਬ ਨੇ ਆਪਣੀ ਨਿਗਰਾਨੀ ਵਿਚ ਕਰਵਾਈ ਗਈ। ਭਾਈ ਗੁਰਦਾਸ ਜੀ ਨੂੰ ਅੱਖਰੀ ਵਿੱਦਆ ਦੇਣ ਲਈ ਕਿਹਾ ਗਿਆ ਅਤੇ ਰਤਾ ਕੁ ਵੱਡੇ ਹੋਏ ਤਾਂ ਬਾਬਾ ਬੁੱਢਾ ਜੀ ਪਾਸ ਰਮਦਾਸ ਭੇਜਿਆ ਤਾਂ ਕਿ ਕਿਰਤ ਦੀ ਮਹੱਤਤਾ ਤੇ ਹੋਰ ਗੁਣ ਪ੍ਰਾਪਤ ਕਰਨ।[6] ਭਾਈ ਸੰਤੋਖ ਸਿੰਘ ਕ੍ਰਿਤ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਗੁਰ-ਇਤਿਹਾਸ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਵਿਚ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ ਕਿ ਭਾਈ ਬਾਬਕ ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਵਿਚ ਕੀਰਤਨ ਕਰਦੇ ਸਨ।

**ਗਾਇ ਰਬਾਬੀ ਬਾਬਕ ਰਾਗ। ਗੁਰੁ ਜੁਤਿ ਸਿੱਖ ਸੁਨਹਿ ਕਰਿ ਰਾਗ।**
**ਆਨਿ ਆਨਿ ਦਰਸਹਿ ਸਿਖ ਸਾਰੇ। ਪੁਰਹਿ ਮਨੋਰਥ ਕਾਂਖਾਵਾਰੇ॥27॥**[7]

ਭਾਈ ਬਾਬਕ ਕੀਰਤਨ ਵਿੱਦਿਆ ਦੇ ਨਾਲ ਸ਼ਸਤਰ ਵਿੱਦਿਆ ਦੇ ਵੀ ਧਨੀ ਸਨ। ਭਾਈ ਬਾਬਕ ਨੇ ਸ਼ਸਤਰ ਵਿੱਦਿਆ ਦੀ ਖਾਸ ਸਿਖਲਾਈ ਗੁਰੂ ਹਰਗੋਬਿੰਦ ਸਾਹਿਬ ਦੀ ਨਿਗਰਾਨੀ ਹੇਠ ਲਈ ਸੀ ਅਤੇ ਉਹਨਾਂ ਨਾਲ ਕਈ ਜੰਗਾਂ ਵਿੱਚ ਆਪਣੀ ਵੀਰਤਾ ਦੇ ਜੌਹਰ ਦਿਖਾਏ ਸੀ। ਸੋ ਗੁਰੂ ਤੇਗ ਬਹਾਦਰ ਸਾਹਿਬ ਨੇ ਕੀਰਤਨ ਅਤੇ ਮ੍ਰਿਦੰਗ ਦੀ ਸਿੱਖਿਆ ਪਿਤਾ ਹਰਗੋਬਿੰਦ ਸਾਹਿਬ ਦੇ ਸਮੇਂ ਦੇ ਦਰਬਾਰੀ ਰਬਾਬੀ ਭਾਈ ਬਾਬਕ ਦੀ ਨਿਗਰਾਨੀ ਹੇਠ ਬਾਲ ਵਰੇਸ ਵਿਚ ਹੀ ਪੂਰੀ ਕਰ ਲਈ ਹੋਵੇਗੀ। ਮ੍ਰਿਦੰਗ ਤੇ ਪਖਾਵਜ ਇੱਕ ਹੀ ਸਾਜ਼ ਦੇ ਦੋ ਵੱਖਰੀਆਂ ਭਾਸ਼ਾਵਾ ਦੇ ਨਾਮ ਹਨ। ਮ੍ਰਿਦੰਗ ਮਿੱਟੀ ਦਾ ਬਣਿਆ ਹੁੰਦਾ ਸੀ। ਮੁਗ਼ਲ ਕਾਲ ਵੇਲੇ ਇੱਹ ਲੱਕੜੀ ਦਾ ਬਣਾਇਆ ਜਾਣ ਲੱਗਾ ਅਤੇ ਉੱਤਰੀ ਭਾਰਤ ਵਿਚ ਪਖਾਵਜ ਦੇ ਨਾਮ ਨਾਲ ਪ੍ਰਸਿੱਧ ਹੋਇਆ।



ਮ੍ਰਿਦੰਗ/ਪਖਾਵਜ: ਗੁਰੂ ਤੇਗ ਬਹਾਦਰ ਸਾਹਿਬ ਦਾ ਪਿਆਰਾ ਸਾਜ (ਕਲਾਕਾਰ: ਰੁਪਿੰਦਰ ਸਿੰਘ, ਸਿਆਟਲ)

ਗੁਰਬਾਣੀ ਕੀਰਤਨ ਪਰੰਪਰਾ ਵਿਚ ਰਬਾਬੀਆਂ ਦਾ ਵੱਡਾ ਯੋਗਦਾਨ ਰਿਹਾ ਹੈ। ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਰਬਾਬੀ ਨੂੰ ਆਪਣੇ ਸੰਗਤਕਾਰ ਵਜੋਂ ਸਾਥੀ ਰੱਖ ਕੇ ਮਾਣ ਬਖਸ਼ਿਆ। ਭਾਈ ਮਰਦਾਨੇ ਦੇ ਅਕਾਲ ਚਲਾਣਾ ਕਰਨ ਤੋਂ ਭਾਈ ਮਰਦਾਨੇ ਦੇ ਫਰਜ਼ੰਦ ਭਾਈ ਸਹਿਜ਼ਾਦਾ ਗੁਰੂ ਜੀ ਨਾਲ ਰਬਾਬ ਦੀ ਸੰਗਤ ਕਰਦੇ ਰਹੇ। ਗੁਰੂ ਨਾਨਕ ਸਾਹਿਬ ਨੇ ਜਦੋਂ ਗੁਰੂ ਅੰਗਦ ਸਾਹਿਬ ਨੂੰ ਖਡੂਰ ਸਾਹਿਬ ਭੇਜਿਆ ਤਾਂ ਰਬਾਬੀ ਭਾਈ ਬਲਵੰਡ ਨੂੰ ਹਜ਼ੂਰੀ ਕੀਰਤਨੀਆ ਦੇ ਤੋਰ ਤੇ ਨਾਲ ਭੇਜਿਆ। ਰਬਾਬੀ ਭਾਈ ਸਤਾ ਬਲਵੰਡ, ਭਾਈ ਮੀਰ, ਭਾਈ ਬਾਬਕ, ਭਾਈ ਚਤਰਾ, ਭਾਈ ਸਦਾ ਨੰਦ, ਭਾਈ ਸਾਦੂ ਬਾਦੂ ਆਦਿ ਰਬਾਬੀਆਂ ਦਾ ਗੁਰੂ ਘਰ ਦੇ ਹਜ਼ੂਰੀ ਰਾਗੀਆਂ ਵਜੋਂ ਪਾਇਆ ਯੋਗਦਾਨ ਮਹੱਤਵ ਪੂਰਨ ਹੈ ।

ਗੁਰੂ ਤੇਗ ਬਹਾਦਰ ਸਾਹਿਬ ਦੀ ਕੀਰਤਨ ਸ਼ੈਲੀ

**ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ ।।**

**(ਗੁਰੂ ਗ੍ਰੰਥ ਸਾਹਿਬ, 1298)**

ਕੀਰਤਿ ਤੋਂ ਭਾਵ ਹੈ ਜਸ, ਸੋਭਾ, ਵਡਿਆਈ ਜਾਂ ਗੁਣਾਂ ਦਾ ਗਾਇਨ ਕਰਨਾ । ਸਿੱਖ ਧਰਮ ਵਿਚ ਕੀਰਤਨ ਇੱਕ ਮਹੱਤਵਪੂਰਨ ਕੜੀ ਹੈ। ਭਾਰਤ ਵਿਚ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਅਸ਼ਟ ਮਾਰਗੀਯ ਅਤੇ ਪੁਸ਼ਟ ਮਾਰਗੀਯ ਵੈਸ਼ਨਵ ਸੰਤਾਂ ਵਲੋਂ ਕੀਰਤਨ ਦੀ ਪਰੰਪਰਾ ਪ੍ਰਚਲਤ ਸੀ ਜੋ ਰਾਗਾਂ ਤੇ ਅਧਾਰਿਤ ਸੀ ਜਿਸ ਵਿਚ ਰਬਾਬ, ਪਖਾਵਜ ਅਤੇ ਝਾਂਜ ਆਦਿ ਸਾਜ਼ਾਂ ਦਾ ਪ੍ਰਯੋਗ ਹੁੰਦਾ ਸੀ। ਗੁਰੂ ਨਾਨਕ ਸਾਹਿਬ ਅਤੇ ਬਾਣੀ ਦੇ ਰਚਨਕਾਰ ਹੋਰ ਬਾਕੀ ਗੁਰੂ ਸਾਹਿਬਾਂ ਨੇ ਲੋਕਾਈ ਨੂੰ ਉਪਦੇਸ਼ ਦੇਣ ਲਈ ਕੀਰਤਨ ਦੇ ਮਾਧਿਅਮ ਨੂੰ ਅਪਨਾਇਆ। ਰਬਾਬ ਅਤੇ ਪਖਾਵਜ

ਸਾਜ਼ਾਂ ਦਾ ਪ੍ਰਯੋਗ ਕੀਤਾ ਜਿਸ ਦਾ ਖੁਲਾਸਾ ਗੁਰੂ ਨਾਨਕ ਸਾਹਿਬ, ਗੁਰੂ ਅਰਜਨ ਸਾਹਿਬ ਨੇ ਬਾਣੀ ਵਿਚ ਅਤੇ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਕੀਤਾ। 'ਸਿੱਖ ਰਹਿਤ ਮਰਿਯਾਦਾ' ਅਨੁਸਾਰ ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਨੂੰ ਕਹਿੰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰਮਤਿ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ ਕੀਰਤਨ ਹੈ। ਡਾ. ਗੁਰਨਾਮ ਸਿੰਘ ਅਨੁਸਾਰ ਸ਼ਬਦ ਕੀਰਤਨ ਉਸ ਪ੍ਰਮਾਤਮਾ ਦਾ ਕੇਵਲ ਗੁਣ ਜਾਂ ਨਾਮ ਰਟਨ ਨਹੀਂ ਹੈ ਸਗੋਂ ਇਸ ਵਿਚ ਬਾਣੀ ਦਾ ਸਤ ਪ੍ਰਕਾਸ਼ ਵੀ ਹੋਣਾ ਹੈ ਅਤੇ ਬੋਧ ਵੀ। ਇਸ ਤਰ੍ਹਾਂ ਗੁਰਬਾਣੀ ਨੂੰ ਨਿਰਧਾਰਤ ਰਾਗ ਵਿਚ ਲੈਅ ਤਾਲ ਬੱਧ ਕਰਦੇ ਹੋਏ ਗੁਰੂ ਸਾਹਿਬਾਨ ਦੀ ਨਿਰਧਾਰਤ ਸ਼ੈਲੀ ਅਤੇ ਨਿਰਧਾਰਤ ਸਾਜ਼ਾਂ ਨਾਲ ਸ਼ਬਦ ਦੇ ਭਾਵ ਦੀ ਪ੍ਰਧਾਨਤਾ ਨੂੰ ਮੁਖ ਰੱਖਦੇ ਹੋਏ ਗਾਉਣ ਦੀ ਕਿਰਿਆ ਕੀਰਤਨ ਹੈ।

ਸਮੇਂ ਦੇ ਵਿਕਾਸ ਨਾਲ ਗਾਇਨ ਸ਼ੈਲੀਆਂ ਦਾ ਵੀ ਵਿਕਾਸ ਹੁੰਦਾ ਰਹਿੰਦਾ ਹੈ। ਗਾਇਨ ਸ਼ੈਲੀ ਤੋਂ ਭਾਵ ਗਾਉਣ ਦਾ ਨਿਵੇਕਲਾ ਢੰਗ ਜਾਂ ਤਰੀਕਾ ਹੈ। ਅਨੇਕਾਂ ਪ੍ਰਕਾਰ ਦੀਆਂ ਗਾਇਨ ਸ਼ੈਲੀਆਂ ਹੁੰਦੀਆਂ ਹਨ ਜਿਵੇਂ-ਪ੍ਰਬੰਧ, ਧਰੂਵਪਦ, ਧਮਾਰ, ਸਾਦਰਾ, ਖਿਆਲ, ਤਰਾਨਾ, ਕਾਫੀ ਜਾਂ ਠੁੰਮਰੀ ਆਦਿ। ਗੁਰੂ ਕਾਲ ਵੇਲੇ ਭਾਰਤ ਵਿਚ ਕਿਹੜੀਆਂ ਗਾਇਨ ਸ਼ੈਲੀਆਂ ਅਤੇ ਸਾਜ਼ ਪ੍ਰਚਲਿੱਤ ਸਨ ਉਨ੍ਹਾਂ ਦਾ ਅਧਿਐਨ ਕਰਨਾ ਵੀ ਬਣਦਾ ਹੈ । ਸ਼ਾਸਤਰੀ ਅੰਗ ਤੋਂ ਧਰੂਵਪਦ ਧਮਾਰ, ਵਿਸ਼ਨੂ ਪੱਦ ਅਤੇ ਸਾਦਰਾ ਅਦਿ ਗਾਇਨ ਸ਼ੈਲੀਆਂ ਪ੍ਰਚਲੱਤ ਸਨ। ਲੋਕ ਸੰਗੀਤ ਅੰਗ ਤੋਂ ਵਾਰ ਗਾਇਨ ਸ਼ੈਲੀ ਪੰਜਾਬ ਵਿੱਚ ਪ੍ਰਚਲਿੱਤ ਸੀ, ਜਿਸ ਵਿੱਚ ਯੋਧਿਆਂ ਦੀਆਂ ਬੀਰਤਾ ਦੇ ਗੁਣ ਦਰਸਾਉਂਦੀਆਂ ਵਾਰਾਂ ਗਾਈਆਂ ਜਾਂਦੀਆਂ ਸਨ।

ਧਰੂਵਪਦ ਧਮਾਰ ਭਾਰਤ ਦੀ ਸਿਰਮੌਰ ਪ੍ਰਾਚੀਨ ਸ਼ੈਲੀ ਹੈ। ਗੁਰੂ ਕਾਲ ਭਾਵ ਮੱਧਕਾਲ ਨੂੰ ਧਰੂਵਪਦ ਧਮਾਰ ਦਾ ਸੁਨਹਿਰੀ ਸਮਾਂ ਮੰਨਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਅਤੇ ਬਾਕੀ ਗੁਰੂ ਸਾਹਿਬਾਨ ਨੇ ਪ੍ਰਚਲਤ ਰਵਾਇਤੀ ਸ਼ਾਸਤਰੀ ਅਤੇ ਲੋਕ ਅੰਗ ਦੀਆਂ ਸ਼ੈਲੀਆ ਦਾ ਬਾਣੀ ਦੇ ਗਾਇਨ ਕਰਨ ਵਿਚ ਪ੍ਰਯੋਗ ਕੀਤਾ। ਧਰੂਵਪਦ ਦੀ ਗਵਾਇਸ਼ ਭਗਤੀ-ਰਸ, ਬੀਰ-ਰਸ ਅਤੇ ਸ਼ਬਦ-ਪ੍ਰਧਾਨ ਹੈ, ਜਿਸ ਵਿਚ ਸ਼ਬਦ ਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਪਖਾਵਜ ਦੇ ਸਾਥ ਨਾਲ ਸਬਦ ਦੇ ਭਾਵ ਹੋਰ ਵੀ ਪ੍ਰਗਟ ਹੁੰਦੇ ਰਹਿੰਦੇ ਹਨ। ਧਰੂਵਪਦ ਸ਼ੈਲੀ ਵਿਚ ਭਗਤੀ ਅਤੇ ਬੀਰ ਰਸ ਦੀਆਂ ਕਾਵਿ ਰਚਨਾਵਾਂ ਦਾ ਗਾਇਨ ਕੀਤਾ ਜਾਂਦਾ ਹੈ। ਧਰੂਵਪਦ ਅਨਿਬੰਧ ਗਾਇਨ ਸ਼ੈਲੀ ਹੈ, ਜੋ ਬੀਰ ਰਸ ਦੁਆਰਾ ਸ਼ਕਤੀ ਦਾ ਸੰਚਾਰ, ਭਗਤੀ ਰਸ ਦੁਆਰਾ ਭਗਤੀ ਦਾ ਸੰਚਾਰ ਕਰਾਉਂਦੀ ਆਪਣੇ ਇਸ਼ਟ ਨਾਲ ਮੇਲ ਕਰਨ ਵਿਚ ਸਹਾਇਤਾ ਕਰਾਉਂਦੀ ਹੈ, ਸ਼ਾਂਤ ਰਸ ਦੁਆਰਾ ਸ਼ਾਂਤੀ ਦਾ ਸੰਚਾਰ ਕਰਾਉਂਦੀ ਹੈ ਅਤੇ ਦੁਖੀ ਹਿਰਦਿਆਂ ਨੂੰ ਢਾਰਸ ਦਿੰਦੀ ਮੋਕਸ਼ ਦੀ ਪ੍ਰਾਪਤੀ ਕਰਨ ਵਿਚ ਸਹਾਇਕ ਹੁੰਦੀ ਹੈ। ਜੈਦੇਵ, ਨਾਇਕ ਗੋਪਾਲ, ਬਾਬਾ ਹਰੀਦਾਸ, ਮੀਆਂ ਤਾਨਸੈਨ ਅਤੇ ਬੈਜੂ ਬਾਵਰਾ ਮੱਧ ਕਾਲ ਦੇ ਮਹਾਨ ਧਰੂਵਪਦ ਗਾਇਕ ਹੋਏ ਹਨ। ਸ਼ਬਦਾਂ ਦਾ ਸ਼ੁਧ ਸੰਚਾਰ, ਸਿੱਧਾ, ਮਧੁਰ ਤੇ ਭਾਵੁਕ ਉਚਾਰਨ ਹਰੇਕ ਰਸ ਦਾ ਸੰਚਾਰ ਕਰਨ ਲਈ ਸਮਰੱਥ ਹੁੰਦਾ ਹੈ। ਇਸ ਵਿਚ ਦੁਪਦੇ, ਤਿਪਦੇ, ਚੌਪਦੇ ਅਤੇ ਅਸ਼ਟਪਦੀਆਂ ਆਦਿ ਕਾਵਿ ਰਚਨਾਵਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਧਰੂਵਪਦ ਸ਼ੈਲੀ ਦੀ ਗਵਾਇਸ਼ ਲਈ ਚੌਤਾਲ, ਸੂਲਤਾਲ, ਤੀਵਰਾ, ਫਰੋਦਸਤ, ਮੱਤ, ਬਸੰਤ ਅਤੇ ਦੋਤਾਲ ਆਦਿ ਤਾਲਾਂ ਦਾ ਪਖਾਵਜ ਤੇ ਪ੍ਰਯੋਗ ਕੀਤਾ ਜਾਂਦਾ ਹੈ। ਸ਼ਬਦ ਦੇ ਪ੍ਰਭਾਵ ਨੂੰ ਕਾਇਮ ਰੱਖਣ ਲਈ ਸਵਰ ਤੇ ਧਿਆਨ ਦਿੱਤਾ ਜਾਂਦਾ ਹੈ ਅਤੇ ਸ਼ਬਦ ਨੂੰ ਅੰਲਿਕ੍ਰਤ ਕਰਨ ਲਈ ਕਿਸੇ ਪ੍ਰਕਾਰ ਦੀ ਮੁਰਕੀ, ਖਟਕਾ, ਤਾਨ ਅਤੇ ਜਮਜਮੇਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ।

ਡਾ. ਅਜੀਤ ਸਿੰਘ ਪੇਂਤਲ ਅਨੁਸਾਰ ਪੰਜਾਬ ਦੇ ਧਾਰਮਿਕ ਪਿੜ ਵਿਚ ਵੀ ਧਰੂਵਪਦ ਸ਼ੈਲੀ ਨੇ ਸਦੀਆਂ ਤਕ ਆਪਣੀ ਪੂਰੀ ਛਤਰ ਛਾਇਆ ਰੱਖੀ।[8] ਗੁਰੂ ਨਾਨਕ ਸਾਹਿਬ ਨੇ ਰਾਗ-ਬੱਧ ਕੀਰਤਨ ਦੀ ਨੀਂਹ ਪੰਦਰਵੀਂ ਸਦੀ ਦੇ ਉਤਰ-ਕਾਲ ਵਿਚ ਰੱਖੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੰਬੇ ਸਮੇਂ ਬਾਅਦ ਤੱਕ ਸਿਖ-ਕੀਰਤਨ ਧਰੂਵਪਦ ਸ਼ੈਲੀ ਵਿਚ ਹੀ ਹੁੰਦਾ ਰਿਹਾ। ਗੁਰੂ ਕਾਲ ਵੇਲੇ ਗੁਰੂ ਸਾਹਿਬਾਨ, ਰਬਾਬੀਆਂ ਅਤੇ ਸਿੱਖ ਕੀਰਤਨੀਆ ਵਲੋਂ ਲੋਕ ਅੰਗ ਦੀਆਂ ਸ਼ੈਲੀਆਂ ਤੋਂ ਇਲਾਵਾ ਉਸ ਸਮੇਂ ਦੀ ਪ੍ਰਚਲਿੱਤ ਸ਼ਬਦ ਪ੍ਰਧਾਨ ਧਰੂਵਪੱਦ ਧਮਾਰ ਗਾਇਨ ਸ਼ੈਲੀ ਵਿਚ ਧੁਰ ਕੀ ਬਾਣੀ ਦਾ ਗਾਇਨ ਕੀਤਾ ਜਾਦਾ ਸੀ, ਜਿਸ ਦਾ ਸਾਥ ਪਖਾਵਜ ਸਾਜ਼ ਨਾਲ ਕੀਤਾ ਜਾਂਦਾ ਸੀ। ਡਾ. ਅਜੀਤ ਸਿੰਘ ਪੇਂਤਲ ਗੁਰਮਤਿ ਸੰਗੀਤ ਇੱਕ ਪਰਿਚਯ ਵਿਚ ਲਿਖਦੇ ਹਨ ਕਿ ਪੁਰਾਤਨ ਪਰੰਪਰਾ ਦੇ ਆਧਾਰ ਤੇ ਸਾਡਾ ਕੀਰਤਨ ਭਾਰਤੀ ਸੰਗੀਤ ਦੇ ਤੱਤਾਂ ਉਤੇ ਆਧਾਰਿਤ ਸੀ ਭਾਵ ਕਿ ਇਹ ਪਰੰਪਰਾ ਮੱਧ ਯੁਗੀਨ ਧਰੂਵਪਦ ਧਮਾਰ ਦੇ ਸੰਗੀਤ ਤੇ ਆਧਾਰਿਤ ਸੀ। ਕੀਰਤਨ ਦੀ ਸ਼ੈਲੀ ਵਿਚ ਸਾਡੇ ਗੁਰੂਆਂ ਨੇ ਸਾਨੂੰ ਕੁਝ ਵਿਸ਼ੇਸ ਸ਼ੈਲੀਆਂ ਪ੍ਰਦਾਨ ਕੀਤੀਆਂ ਜਿਸ ਵਿਚ ਲੋਕ ਸੰਗੀਤ ਦੀ ਸ਼ੈਲੀ ਤੇ ਸ਼ਾਸਤਰੀ ਸੰਗੀਤ ਦੀ ਸ਼ੈਲੀ ਵਿਚ ਕੀਰਤਨ ਸੰਮਿਲਤ ਸੀ।[9] ਗੁਰੂ ਜੀ ਦੇ ਦਰਬਾਰੀ ਸੰਗੀਤਕਾਰ ਸੱਤਾ ਬਲਵੰਡ ਨੇ ਵੀ ਧਰੂਵਪਦ ਗਾਇਕੀ ਦੇ ਆਧਾਰ ਤੇ ਗੁਰਬਾਣੀ ਗਾਇਨ ਨੂੰ ਲੋਕ ਪ੍ਰਿਯ ਬਣਾਇਆ। ਸ਼ੁਰੂ ਤੋਂ ਹੀ ਸਿੱਖ ਗੁਰੂ-ਸਾਹਿਬਾਨ ਵਿਚ ਸੰਗੀਤ ਦੀ ਪਰੰਪਰਾ ਰਹੀ ਹੈ। ਵੱਖ ਵੱਖ ਸਿੱਖ ਗੁਰੂ ਸਾਹਿਬਾਨ ਦੇ ਵੇਲੇ ਸਿੱਖਾਂ ਵਿਚ ਧਾਰਮਿਕ ਸੰਗੀਤ ਭਾਰਤੀ ਸੰਗੀਤ ਦੀ ਵਿੱਦਿਆ 'ਪਦ' ਤੇ ਅਧਾਰਿਤ ਰਿਹਾ ਹੈ। ਉਨ੍ਹਾਂ ਦਿਨਾਂ ਵਿਚ ਧਰੂਵਪਦ ਸ਼ੈਲੀ ਬਹੁਤ ਪ੍ਰਸਿੱਧ ਸੀ। ਇਨ੍ਹਾਂ ਸਿੱਖ ਰਾਗੀਆਂ ਰਬਾਬੀਆਂ ਨੇ ਵੀ ਇਸ ਸ਼ੈਲੀ ਨੂੰ ਅਪਣਾਇਆ ਅਤੇ

ਗੁਰੂ ਗ੍ਰੰਥ ਦੇ ਸਬਦਾਂ ਦੀ ਸੰਗੀਤ ਰਚਨਾ ਧਰੂਵਪਦ ਸ਼ੈਲੀਆਂ ਵਿਚ ਕੀਤੀ।[10] ਉਪਰੋਕਨ ਵਿਦਵਾਨਾਂ ਦੇ ਵਿਚਾਰਾਂ ਅਨੁਸਾਰ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਗੁਰੂ ਸਾਹਿਬਾਨਾਂ, ਭਗਤਾਂ, ਰਬਾਬੀ ਅਤੇ ਸਿੱਖ ਕੀਰਤਨੀਆਂ ਵਲੋਂ ਸ਼ਾਸਤਰੀ ਅੰਗ ਧਰੂਵਪਦ ਧਮਾਰ ਸ਼ੈਲੀ ਅਨੁਸਾਰ ਗਾਇਆ ਗਿਆ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

**ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗ ਰਬਾਬਾ।**

**(ਵਾਰ 24, ਪਉੜੀ 4)**

ਭਾਈ ਗੁਰਦਾਸ ਦੀ ਉਪਰੋਕਤ ਵਾਰ ਸਿੱਧ ਕਰਦੀ ਹੈ ਕਿ ਉਸ ਵੇਲੇ ਦਾ ਕੀਰਤਨ ਧਰੂਵਪੱਦ ਅੰਗ ਦਾ ਸੀ ਕਿਉਂ ਕਿ ਪਖਾਵਜ ਦਾ ਪ੍ਰਯੋਗ ਧਰੂਵਪਦ ਗਾਇਨ ਸ਼ੈਲੀ ਨਾਲ ਹੀ ਕੀਤਾ ਜਾਂਦਾ ਹੈ। ਹਰੇਕ ਘਰ ਵਿਚ ਪ੍ਰਭੂ ਦੀ ਭਗਤੀ ਦੇ ਗੁਣ ਰਬਾਬ ਅਤੇ ਪਖਾਵਜ ਨਾਲ ਗਾਏ ਜਾਂਦੇ ਸਨ। ਇਹ ਰਬਾਬ ਗਜ ਨਾਲ ਵਜਾਈ ਜਾਂਦੀ ਹੋਵੇਗੀ ਕਿਉਂ ਕਿ ਗਜ ਵਾਲੇ ਤੰਦੀ ਸਾਜ਼ ਗਵਾਇਸ਼ ਦੇ ਜ਼ਿਆਦਾ ਅਨੁਕੂਲ ਹੁੰਦੇ ਹਨ। ਇਹ ਧਰੂਵਪਦੀ ਰਬਾਬ ਸੀ, ਜੋ ਸ਼ਾਸਤਰੀ ਅਤੇ ਲੋਕ ਅੰਗ ਨਾਲ ਗਵਾਇਸ਼ ਦਾ ਸਾਥ ਕਰਦੀ ਸੀ। ਪੁਰਾਤਨ ਕੀਰਤਨੀਆ ਵਲੋਂ ਗਾਇਨ ਕੀਤੀਆਂ ਜਾਂਦੀਆਂ ਧਰੂਵਪਦ ਧਮਾਰ ਸ਼ੈਲੀ ਦੀਆਂ ਬੰਦਿਸ਼ਾ ਜਿਨ੍ਹਾਂ ਨੂੰ ਭਾਈ ਸਾਂਈ ਦਿੱਤਾ, ਭਾਈ ਉਤਮ ਸਿੰਘ ਧਰੂਵਪਦੀਏ, ਪੰ. ਨਥੂ ਰਾਮ ਧਰੂਵਪਦੀਏ ਆਦਿ ਵਲੋਂ ਵੀ ਗਾਇਨ ਕੀਤਾ ਜਾਂਦਾ ਸੀ। ਧਰੂਵਪਦ ਅੰਗ ਦੀਆਂ ਸ਼ਬਦ ਬੰਦਿਸ਼ਾਂ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ, ਉਸਤਾਦ ਜਸਵੰਤ ਸਿੰਘ ਤੀਬਰ ਦੋਧਰ ਟਕਸਾਲ, ਪ੍ਰਿੰਸੀਪਲ ਚੰਨਣ ਸਿੰਘ ਮਜਬੂਰ, ਗਿਆਨ ਸਿੰਘ ਐਬਟਾਬਾਦ ਅਤੇ ਪ੍ਰਿੰਸੀਪਲ ਦਿਆਲ ਸਿੰਘ ਜੀ ਆਦਿ ਨੇ ਲਿਪੀ ਬੱਧ ਕਰਕੇ ਕਿਤਾਬ ਰੂਪ ਵਿਚ ਸੰਭਾਲੀਆਂ ਹਨ, ਜੋ ਗੁਰੂ ਸਾਹਿਬਾਨ ਦੀ ਧਰੂਵਪਦ ਅੰਗ ਦੀ ਸ਼ੈਲੀ ਦਾ ਪ੍ਰਤੱਖ ਪ੍ਰਮਾਣ ਹਨ ।

ਗੁਰੂ ਤੇਗ ਬਹਾਦਰ ਸਾਹਿਬ ਨੇ ਰਬਾਬੀ ਭਾਈ ਬਾਬਕ ਕੋਲੋ ਕੀਰਤਨ ਅਤੇ ਪਖਾਵਜ ਦੀ ਸਿਖਲਾਈ ਪ੍ਰਾਪਤ ਕੀਤੀ। ਪਖਾਵਜ ਦਾ ਸਿੱਧੇ ਤੋਰ ਤੇ ਧਰੂਵਪੱਦ ਧਮਾਰ ਗਾਇਨ ਸ਼ੈਲੀ ਨਾਲ ਸੰਬੰਧ ਹੈ। ਮ੍ਰਿਦੰਗ ਤੇ ਪਖਾਵਜ ਇੱਕ ਹੀ ਸਾਜ਼ ਦੇ ਦੋ ਵੱਖਰੀਆਂ ਭਾਸ਼ਾਵਾਂ ਦੇ ਨਾਮ ਹਨ। ਗੁਰਬਾਣੀ ਵਿਚ ਕਦੇ ਮ੍ਰਿਦੰਗ ਅਤੇ ਕਦੇ ਪਖਾਵਜ ਦੇ ਰੂਪ ਵਿੱਚ ਅਨੇਕਾਂ ਵਾਰ ਜ਼ਿਕਰ ਆਇਆ ਹੈ। ਗੁਰੂ ਤੇਗ ਬਹਾਦਰ ਸਾਹਿਬ ਮ੍ਰਿਦੰਗ ਦੇ ਧਨੀ ਸਨ ਤੇ ਮ੍ਰਿਦੰਗ ਗੁਰੂ ਜੀ ਦਾ ਪਿਆਰਾ ਸਾਜ਼ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਜੌਨਪੁਰ - ਯੂ. ਪੀ. ਦੇ ਬਨਾਰਸ ਡਿਵੀਜ਼ਨ ਵਿੱਚ ਗੋਮਤੀ ਨਦੀ ਦੇ ਕਿਨਾਰੇ ਇੱਕ ਸ਼ਹਿਰ, ਜੋ ਜਿਲ੍ਹੇ ਦਾ ਪ੍ਰਧਾਨ ਅਸਥਾਨ ਹੈ. ਨੌਵੇਂ ਸਤਿਗੁਰੂ ਇਸ ਥਾਂ ਵਿਰਾਜੇ ਹਨ. ਗੁਰਦੁਆਰੇ ਦਾ ਨਾਮ "ਸੰਗਤਿ ਮ੍ਰਿਦੰਗ ਵਾਲੀ" ਹੈ. ਗੁਰਬਖਸ਼ ਸਿੱਖ ਦੇ ਘਰ ਗੁਰੂ ਸਾਹਿਬ ਨੇ ਡੇਰਾ ਕੀਤਾ ਅਤੇ ਕੀਰਤਨ ਲਈ ਮ੍ਰਿਦੰਗ ਬਖਸ਼ੀ, ਜੋ ਹੁਣ ਉਸ ਥਾਂ ਸਨਮਾਨ ਨਾਲ ਰੱਖੀ ਹੋਈ ਹੈ",[11] ਗੁਰੂ ਜੀ ਦੀ ਸਾਰੀ ਬਾਣੀ ਬ੍ਰਿਜ ਭਾਸ਼ਾ ਵਿਚ ਹੈ ਅਤੇ ਗੁਰੂ ਜੀ ਨੇ ਪਹਿਲੇ ਗੁਰੂ ਸਾਹਿਬਾਨਾਂ ਤੋਂ ਚਲੀ ਆ ਰਹੀ ਅਤੇ ਉਸ ਸਮੇਂ ਦੀ ਪ੍ਰਚਲਿਤ ਧਰੂਵਪਦ ਗਾਇਨ ਸ਼ੈਲੀ ਵਿਚ ਧੁਰ ਕੀ ਬਾਣੀ ਦਾ ਗਾਇਨ ਕੀਤਾ। ਗੁਰੂ ਜੀ ਨੇ ਲੋਕ ਅੰਗ ਦੀ ਵਾਰ ਗਾਇਨ ਸ਼ੈਲੀ ਦਾ ਪ੍ਰਯੋਗ ਨਹੀ ਕੀਤਾ ਅਤੇ ਗੁਰੂ ਜੀ ਦੀ ਬਾਣੀ ਵਿਚ ਸਿਰਲੇਖ ਪੜਤਾਲ ਦਾ ਪ੍ਰਯੋਗ ਵੀ ਨਹੀਂ ਮਿਲਦਾ। ਗੁਰੂ ਤੇਗ ਬਹਾਦਰ ਸਾਹਿਬ ਜਦੋਂ ਧੁਰ ਕੀ ਬਾਣੀ ਦਾ ਗਾਇਨ ਕਰਦੇ ਹੁੰਦੇ ਸਨ ਤਾਂ ਭਾਈ ਸਦਾਨੰਦ ਗੁਰੂ ਜੀ ਨਾਲ ਰਬਾਬ ਵਜਾਇਆ ਕਰਦੇ ਸਨ। ਬਾਬਾ ਬਕਾਲਾ ਤੋਂ ਲੈ ਕੇ ਪੂਰਬ ਦੀਆਂ ਪ੍ਰਚਾਰ ਫੇਰੀਆਂ ਅਤੇ ਅੰਤਲੇ ਦਿਨਾਂ ਤਕ ਭਾਈ ਸਦਾਨੰਦ ਗੁਰੂ ਜੀ ਨਾਲ ਇਸ ਤਰ੍ਹਾਂ ਰਹਿੰਦੇ ਸਨ ਜਿਵੇਂ ਗੁਰੂ ਨਾਨਕ ਸਾਹਿਬ ਨਾਲ ਭਾਈ ਮਰਦਾਨਾ।

**ਸਾਰ ਅੰਸ਼**

ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਤੇ ਇਤਿਹਾਸਕ ਝਾਤ ਮਾਰਦਿਆਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਬ੍ਰਿਜ ਭਾਸ਼ਾ ਵਿਚ ਬਾਣੀ ਉਚਾਰੀ, ਜੋ ਸੰਸਾਰਕ ਸਚਾਈਆਂ ਪੇਸ਼ ਕਰਦੀ ਉਪਦੇਸ਼-ਆਤਮਿਕ ਬਾਣੀ ਹੈ। ਗੁਰੂ ਸਾਹਿਬ ਨੇ ਕੁਲ 17 ਰਾਗਾਂ ਵਿਚ ਧੁਰ ਕੀ ਬਾਣੀ ਦਾ ਗਾਇਨ ਕਰਦਿਆਂ ਲੋਕਾਈ ਨੂੰ ਉਪਦੇਸ਼ ਦਿੱਤਾ। ਪੂਰਬ ਦੇਸ ਦੇ ਪ੍ਰਚਲਿਤ ਰਾਗ ਜੈਜਾਵੰਤੀ ਵਿਚ ਵੀ ਗੁਰੂ ਜੀ ਨੇ ਬਾਣੀ ਦਾ ਗਾਇਨ ਕੀਤਾ। ਮੱਧਕਾਲ ਦੀ ਪੁਸ਼ਟ ਮਾਰਗੀਯ ਅਸ਼ਟ ਮਾਰਗੀਯ ਸੰਤਾ ਵਲੋਂ ਹਵੇਲੀ ਸੰਗੀਤ ਕੀਰਤਨ ਪਰੰਪਰਾ ਵਿਚ ਪ੍ਰਯੋਗ 42 ਰਾਗਾਂ ਵਿਚ ਜੈਜਾਵੰਤੀ ਰਾਗ ਵੀ ਗੁਰੂ ਜੀ ਤੋਂ ਪਹਿਲਾ ਵੀ ਗਾਇਆ ਵਜਾਇਆ ਜਾਂਦਾ ਸੀ। ਗੁਰੂ ਤੇਗ ਬਹਾਦਰ ਸਾਹਿਬ ਦੀ ਕੀਰਤਨ, ਪਖਾਵਜ ਅਤੇ ਸ਼ਸਤਰ ਵਿੱਦਿਆ ਦੀ ਸਿਖਲਾਈ ਗੁਰੂ ਹਰਗੋਬਿੰਦ ਸਾਹਿਬ ਦੇ ਹਜ਼ੂਰੀ ਕੀਰਤਨੀਏ ਤੇ ਯੋਧੇ ਰਬਾਬੀ ਭਾਈ ਬਾਬਕ ਦੁਆਰਾ ਹੋਈ, ਜੋ ਗੁਰੂ ਜੀ ਦੇ ਪਿਤਾ ਹਰਗੋਬਿੰਦ ਸਾਹਿਬ ਨੇ ਨਿਯੁਕਤ ਕੀਤਾ ਸੀ।ਗੁਰੂ ਕਾਲ ਵੇਲੇ ਸ਼ਾਸ਼ਤਰੀ ਅੰਗ ਧਰੂਵਪਦ ਸ਼ੈਲੀ ਵਿਚ ਗੁਰੂ ਸਾਹਿਬਾਨ, ਰਬਾਬੀਆਂ ਤੇ ਸਿੱਖਾਂ ਵਲੋਂ ਪਖਾਵਜ/ਮ੍ਰਿਦੰਗ ਦੇ ਸਾਥ ਨਾਲ ਕੀਰਤਨ ਕੀਤਾ ਜਾਂਦਾ ਸੀ ਅਤੇ ਗੁਰੂ ਕਾਲ ਤੋਂ ਬਾਅਦ ਵੀ ਇਹ ਸਿਲਸਲਾ ਚੱਲਦਾ ਰਿਹਾ। ਗੁਰੂ ਤੇਗ ਬਹਾਦਰ ਸਾਹਿਬ ਦੇ ਸਾਥੀ ਤੇ ਹਜ਼ੂਰੀ ਕੀਰਤਨੀਏ ਭਾਈ ਸਦਾਨੰਦ ਗੁਰੂ ਜੀ ਨਾਲ ਰਬਾਬ ਵਜਾਉਂਦੇ ਸਨ, ਜੋ ਬਾਬਾ ਬਕਾਲਾ ਤੋਂ ਲੈ ਕੇ ਪੂਰਬ ਦੀਆਂ ਪ੍ਰਚਾਰ

ਫੇਰੀਆਂ ਦੌਰਾਨ ਗੁਰੂ ਜੀ ਦੇ ਨਾਲ ਰਹੇ। ਗੁਰੂ ਤੇਗ ਬਹਾਦਰ ਸਾਹਿਬ ਦਾ ਮ੍ਰਿਦੰਗ ਪਿਆਰਾ ਸਾਜ਼ ਸੀ ਅਤੇ ਉਹਨਾਂ ਨੂੰ ਮ੍ਰਿਦੰਗ ਵਜਾਉਣ ਵਿਚ ਮੁਹਾਰਤ ਹਾਸਿਲ ਸੀ। ਪੂਰਬ ਦੀਆਂ ਪ੍ਰਚਾਰ ਫੇਰੀਆਂ ਦੌਰਾਨ ਗੁਰੂ ਸਾਹਿਬ ਨੇ ਆਪਣਾ ਮ੍ਰਿਦੰਗ ਆਪਣੇ ਸੇਵਕ ਭਾਈ ਗੁਰਬਖਸ਼ ਨੂੰ ਭੇਂਟ ਕੀਤਾ। ਆਖ਼ਿਰ ਵਿਚ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਬ੍ਰਿਜ ਭਾਸ਼ਾ ਵਿਚ ਬਾਣੀ ਉਚਾਰੀ ਅਤੇ ਮਧਕਾਲ ਦੀ ਸਿਰਮੌਰ ਧਰੁਵਪਦ ਗਾਇਨ ਸ਼ੈਲੀ ਵਿਚ ਸੱਚਾਈਆਂ ਬਿਆਨ ਕਰਦੀ, ਅਨੰਦ, ਮਨੁੱਖਤਾ, ਭਾਈਚਾਰਾ, ਤਿਆਗ, ਜਗਤ ਦੀ ਝੂਠੀ ਪ੍ਰੀਤ, ਨਾਸ਼ਵਾਨ ਸੰਸਾਰ, ਆਤਮਿਕ ਗਿਆਨ, ਤਾਕੀਦ ਅਤੇ ਵੈਰਾਗ ਦਾ ਸੁਨੇਹਾ ਦੇਂਦੀ ਬਾਣੀ ਦਾ ਗਾਇਨ ਕੀਤਾ।

**ਧੰਨਵਾਦ**

ਡਾ. ਜਸਵਿੰਦਰ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਦਾ ਖ਼ਾਸ ਧੰਨਵਾਦ ਜਿਹਨਾਂ ਦੀ ਪ੍ਰੇਰਨਾ ਅਤੇ ਸਹਿਯੋਗ ਸਦਕਾ ਇਹ ਪੇਪਰ ਹੋਂਦ ਵਿਚ ਆਇਆ। ਪਿਆਰੇ ਮਿੱਤਰ ਰੂਪਿੰਦਰ ਸਿੰਘ (ਸਿਆਟਲ) ਦਾ ਵੀ ਖ਼ਾਸ ਧੰਨਵਾਦ ਜਿਹਨਾਂ ਨੇ ਪਖਾਵਜ ਦਾ ਸੋਹਣਾ ਚਿੱਤਰ ਬਣਾ ਕੇ ਇਸ ਪੇਪਰ ਦੀ ਸੁੰਦਰਤਾ ਵਧਾਈ।

ਹਵਾਲੇ:

1. ਸਤਿਬੀਰ ਸਿੰਘ (1975), ਇਤਿ ਜਿਨਿ ਕਰੀ, ਨਿਊ ਬੁਕ ਕੰਪਨੀ, ਜਲੰਧਰ
2. Trilochan Singh (1967), *Guru Tegh Bahadur Prophet & Martyr: A Biography*, Gurdwara Prabandhak Committee, Delhi
3. ਸੰਤਾ ਸਿੰਘ ਤਾਤਲੇ (1995), ਪੰਜਵੀਂ ਇਲਹਾਮੀ ਜੀਨਤ, ਸਿੰਘ ਬ੍ਰਦਰਜ਼, ਅੰਮ੍ਰਿਤਸਰ
4. ਤਾਰਾ ਸਿੰਘ (1996), ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
5. ਲਾਵਯਕੀਰਤ ਸਿੰਘ (2001), ਕਾਵਯ ਸੰਗੀਤ, ਸੰਗੀਤ ਕਾਰਆਲਯ, ਹਾਥਰਸ, ਯੂ.ਪੀ.
6. ਗੁਰੂ ਗ੍ਰੰਥ ਸਾਹਿਬ ਵਿਸੇਸ਼ ਅੰਕ (2008), ਗੁਰਮਤਿ ਪ੍ਰਕਾਸ਼, ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
7. ਸੰਤੋਖ ਸਿੰਘ, ਅਨੁਵਾਦਕ ਡਾ. ਅਜੀਤ ਸਿੰਘ ਔਲਖ (2005), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਗੁਰ-ਇਤਿਹਾਸ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਜਿਲਦ ਪੰਜਵੀਂ (ਭਾਗ -1), ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ
8. ਗੁਰਨਾਮ ਸਿੰਘ (1989), ਪੰਜਾਬ ਦੀ ਭਾਰਤ ਨੂੰ ਦੇਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ
9. ਗੁਰਨਾਮ ਸਿੰਘ (1995), ਗੁਰਮਤਿ ਸੰਗੀਤ ਵਿਭਿੰਨ ਪਰਿਪੇਖ, ਪੰਜਾਬੀ ਯੂਨੀਵਰਸਿਟੀ, ਪਟਿਆਲਾ
10. ਗੁਰਮਤਿ ਸੰਗੀਤ ਤੇ ਭਗਤੀ ਸੰਗੀਤ ਪਰੰਪਰਾ (2011), ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ
11. ਕਾਨ੍ਹ ਸਿੰਘ ਨਾਭਾ (2003), ਗੁਰੁਸ਼ਬਦ ਰਤਨਾਕਰ ਮਹਾਨਕੋਸ਼, ਨੈਸ਼ਨਲ ਬੁੱਕ ਸ਼ਾਪ, ਦਿੱਲੀ